# ਦਫਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਸਿ), ਪੰਜਾਬ

**ਕੰਪਲੈਕਸ - ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ - 8, ਐਸ.ਏ.ਐਸ. ਨਗਰ,**

**(ਦਫ਼ਤਰੀ ਅਮਲਾ ਸਾਖਾ)**

(ਈ-ਮੇਲ ਆਈ.ਡੀ. medpipunjab@punjabeducation.gov.in)

ਮੀਮੋ ਨੰ: 1070023

ਮਿਤੀ :- 23.04.2026

ਸਮੱਗਰਾ ਸਿੱਖਿਆ ਅਭਿਆਨ ਦੇ 1007 ਨਾਨ-ਟੀਚਿੰਗ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਉਪਰੰਤ ਨਵੀਆਂ iHRMS id and E-Punjab id ਬਣਾਉਣ ਸਬੰਧੀ ਦਫਤਰ ਦੇ ਹੁਕਮ ਨੰ: 1070023/202695578 ਮਿਤੀ 09.04.2026 ਰਾਹੀ ਪੱਤਰ ਜਾਰੀ ਕੀਤਾ ਗਿਆ ਸੀ, ਇਹ ਜਾਰੀ ਕੀਤਾ ਗਿਆ ਪੱਤਰ ਬਿਨਾਂ ਕਿਸੇ ਪ੍ਰਭਾਵ ਤੋ ਵਾਪਿਸ ਲਿਆ ਜਾਂਦਾ ਹੈ।

ਸਮੱਗਰਾ ਸਿੱਖਿਆ ਅਭਿਆਨ ਦੇ 1007 ਨਾਨ-ਟੀਚਿੰਗ ਕਰਮਚਾਰੀ ਜੋ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤੇ ਗਏ ਹਨ, ਸਬੰਧੀ ਸਾਰੇ/ਸਬੰਧਿਤ ਡੀ.ਡੀ.ਓ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਕਰਮਚਾਰੀਆਂ ਤੋ ਸਵੈ-ਘੋਸ਼ਣਾ (ਨੱਥੀ- ਸਵੈ-ਘੋਸ਼ਣਾ ਦੀ ਕਾਪੀ) ਲੈਣ ਉਪਰੰਤ iHRMS id and E-Punjab id ਰੀਟੇਨ ਕਰਦੇ ਹੋਏ NPS/PRAN Number ਜਲਦੀ ਤੋ ਜਲਦੀ ਅਲਾਟ ਕਰਨ/ਕਰਵਾਉਣ ਸਬੰਧੀ ਕਾਰਵਾਈ ਮੁਕੰਮਲ ਕੀਤੀ ਜਾਵੇ ਤਾਂ ਜੋ ਰੈਗੂਲਰ ਹੋਏ ਕਰਮਚਾਰੀਆਂ ਦੀ ਤਨਖਾਹ ਜਲਦੀ ਤੋ ਜਲਦੀ ਡਰਾਅ ਹੋ ਸਕੇ।

**ਕੇਸ਼ਵ ਗੋਇਲ, ਪੀ.ਸੀ.ਐਸ**

**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

ਪਿੱਠ ਅੰਕਣ ਨੰ: ਉਕਤ/2026111872-77

ਮਿਤੀ, ਐਸ.ਏ.ਐਸ ਨਗਰ:23.04.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਦਫਤਰ ਡੀ.ਜੀ.ਐਸ.ਈ, ਪੰਜਾਬ, ਐਸ.ਏ.ਐਸ ਨਗਰ।
2. ਰਜਿਸਟਰਾਰ, ਦਫਤਰ ਡੀ.ਐਸ.ਈ(ਸੈ) ਪੰਜਾਬ, ਸੇਵਾਵਾ-1 ਸਾਖਾ।
3. ਸਬੰਧਿਤ ਜਿਲ੍ਹਾਂ ਖਜਾਨਾ ਅਫਸਰ।
4. ਸਬੰਧਿਤ ਜਿ.ਸਿ.ਅ(ਸੈ/ਐਸਿ) ।
5. ਸਬੰਧਿਤ ਬੀ.ਪੀ.ਈ.ਓ ।
6. ਸਬੰਧਿਤ ਪ੍ਰਿੰਸੀਪਲ/ਸਕੂਲ ਮੁੱਖੀ।

23/04/2026

ਸਹਾਇਕ ਰਜਿਸਟਰਾਰ(ਦਫਤਰੀ ਅਮਲਾ)

# ਅੰਡਰਟੇਕਿੰਗ

ਮੈ.............................ਪੁੱਤਰ/ਪੁੱਤਰੀ.................................ਬਤੌਰ.............................................. ਸਟੇਸ਼ਨ............................ ਜਿਲ੍ਹਾਂ .......................... ਵਿਖੇ, ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-7) ਦੇ ਹੁਕਮ ਨੰ: SED-EDU/712025-3ED 7/1206812/2025 (2) ਮਿਤੀ 23.09.2025 ਰਾਹੀ ਸਿੱਖਿਆ ਵਿਭਾਗ ਵਿੱਚ ਮਿਤੀ ............... ਤੇ ਰੈਗੂਲਰ ਹੋਣ ਉਪਰੰਤ ................. ਅਸਾਮੀ ਤੇ ਕੰਮ ਰਿਹਾ/ਰਹੀ ਹਾਂ। ਮੈ ਮਿਤੀ ......................ਨੂੰ ਇਸ ਅਸਾਮੀ ਦੇ ਹਾਜਰ ਹੋ ਗਿਆ/ ਗਈ ਹਾਂ।

ਮੈ ਬਿਆਨ ਕਰਦਾ/ਕਰਦੀ ਹਾਂ ਕਿ ਮੇਰੀ ਜੋ ਪਹਿਲਾਂ iHRMS id and E-Punjab id ਚੱਲਦੀ ਸੀ, ਉਸ ਨੂੰ ਕੇਵਲ ਤਨਖਾਹ ਡਰਾਅ ਕਰਵਾਉਣ ਦੇ ਮੰਤਵ ਲਈ ਹੀ ਰੀਟੇਨ ਕੀਤਾ ਜਾਵੇ। ਜੇਕਰ ਵਿਭਾਗ ਵੱਲੋ ਮੇਰੀ ਪੁਰਾਣੀ iHRMS id No................ and E-Punjab id No. ................ਰੀਟੇਨ ਕੀਤੀ ਜਾਂਦੀ ਹੈ ਤਾਂ ਮੈਨੂੰ ਇਸ ਸਬੰਧੀ ਕੋਈ ਇਤਰਾਜ਼ ਨਹੀ ਹੋਵੇਗਾ। ਜੇਕਰ ਸਿੱਖਿਆ ਵਿਭਾਗ ਵੱਲੋ ਮੇਰੀ iHRMS id and E-Punjab id ਰੀਟੇਨ ਕੀਤੀ ਜਾਂਦੀ ਹੈ ਤਾਂ ਰੈਗੂਲਰ ਹੋਣ ਉਪਰੰਤ ਆਪਣੀ ਠੇਕੇ ਦੇ ਅਧਾਰ ਤੇ ਕੀਤੀ ਗਈ ਸੇਵਾ ਦਾ ਕਿਸੇ ਵੀ ਪ੍ਰਕਾਰ ਦੇ ਲਾਭਾਂ ਦੀ ਮੰਗ ਨਹੀ ਕਰਾਂਗਾ/ਕਰਾਂਗੀ। ਭਵਿੱਖ ਵਿੱਚ ਇਸ ਸਬੰਧੀ ਨਾਂ ਹੀ ਕਿਸੇ ਕੋਰਟ ਕੇਸ ਦਾ ਸਹਾਰਾ ਲਵਾਂਗਾ/ਲਵਾਂਗੀ ਅਤੇ ਵਿਭਾਗ ਵਿਰੁੱਧ ਚੱਲਦੇ ਕਿਸੇ ਵੀ ਕੋਰਟ ਕੇਸ ਵਿੱਚ ਠੇਕੇ ਦੇ ਅਧਾਰ ਤੇ ਕੀਤੀ ਸੇਵਾ ਦਾ ਕਿਸੇ ਵੀ ਤਰ੍ਹਾਂ ਦਾ ਲਾਭ ਆਦਿ ਦੀ ਮੰਗ ਨਹੀ ਕਰਾਗਾਂ/ਕਰਾਂਗੀ।

ਬਿਨੇਕਰਤਾ

ਮੇਰੇ ਵੱਲੋ ਦਿੱਤੇ ਗਏ ਉਕਤ ਬਿਆਨ ਦਰੁਸਤ ਅਤੇ ਸਹੀ ਹਨ। ਮੈ ਆਪਣੇ ਉਕਤ ਬਿਆਨਾਂ ਤੇ ਕਾਇਮ ਰਹਾਂਗਾ/ਰਹਾਂਗੀ।

ਬਿਨੇਰਕਤਾ